Tender Heart High School sec- 33 B chd.

Class - 9 — Ramandeep Kaur

Topic - ਜ਼ੀਨਤ ਆਪਾ — ਪਾਠ - 3 (P-1)

ਸ਼ੁੱਭ ਸਵੇਰ

ਵਿਦਿਆਰਥੀਓ, ਇਸ ਹਫਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਜ਼ੀਨਤ ਆਪਾ' ਵਿਚਾਰਾਂਗੇ। ਇਹ 'ਕਰਤਾਰ ਸਿੰਘ ਦੁੱਗਲ' ਦੀ ਰਚਨਾ ਹੈ।

ਆਓ ਹੁਣ ਕਹਾਣੀ ਦੇ ਵਿਸ਼ੇ ਬਾਰੇ ਵਿਚਾਰ ਕਰੀਏ।

ਇਸ ਕਹਾਣੀ ਰਾਹੀਂ ਲੇਖਕ ਨੇ 'ਜ਼ੀਨਤ' ਵਰਗੀ ਔਰਤ ਦਾ ਚਰਿੱਤਰ ਪੇਸ਼ ਕਰ ਕੇ ਸਮੂਹ ਮਰਦ ਪ੍ਰਧਾਨ ਦੇ ਪ੍ਰਭਾਵ ਨੂੰ ਦਰਸਾਇਆ ਹੈ। ਔਰਤ ਦੀ ਮਾਨਸਿਕਤਾ ਨੂੰ ਸੁਚੱਜੇ ਢੰਗ ਨਾਲ ਵਿਖਾਇਆ ਹੈ। ਸਮਾਜ ਵਿੱਚ ਔਰਤ ਦੀ ਸਥਿਤੀ ਨੂੰ ਮਜ਼ਬੂਤ ਕਰਨ ਬਾਰੇ ਚਾਨਣਾ ਪਾਇਆ ਹੈ।

ਜ਼ੀਨਤ' ਇਸ ਕਹਾਣੀ ਦੀ ਮੁੱਖ ਪਾਤਰ ਹੈ ਅਤੇ ਸਾਰੀ ਕਹਾਣੀ ਉਸਦੇ ਇਰਦ-ਗਿਰਦ ਘੁੰਮਦੀ ਹੈ।
ਆਓ ਹੁਣ ਵਿਚਾਰਦੇ ਹਾਂ ਕਿ 'ਜ਼ੀਨਤ' ਨੇ ਜ਼ਿੰਦਗੀ ਕਿਵੇਂ ਬਤੀਤ ਕੀਤੀ।

→ ਜ਼ੀਨਤ ਦੀ ਪਹਿਚਾਣ – ਕਹਾਣੀ ਦੇ ਸ਼ੁਰੂ ਵਿੱਚ ਹੀ ਲੇਖਕ ਆਪਣੇ ਮਿੱਤਰ ਰਸ਼ੀਦ ਨਾਲ ਗੱਲਾਂ ਕਰਦਾ ਹੈ ਅਤੇ ਜ਼ੀਨਤ ਦੀ

Class - 9 Ramandeep kaur

Topic - ਜ਼ੀਨਤ ਆਪਾ ਪਾਠ - 3 (P-2)

ਸੁੰਦਰਤਾ ਦਾ ਜ਼ਿਕਰ ਕਰਦਾ ਹੈ। ਜ਼ੀਨਤ ਬਹੁਤ ਹੀ ਸੁੰਨਖੀ ਕੁੜੀ ਸੀ। ਇੰਜ ਲਗਦਾ ਸੀ ਜਿਵੇਂ ਰੱਬ ਨੇ ਵਿਹਲੇ ਬੈਠ ਕੇ ਘੜੀ ਹੋਵੇ। ਉਹ ਸੱਚੀਂ ਹੀ ਕੋਈ ਪਰੀ ਵਰਗੀ ਸੀ। ਹਰ ਸਮੇਂ ਉਸਦੇ ਚਿਹਰੇ ਤੇ ਮੁਸਕਰਾਹਟ ਰਹਿੰਦੀ ਸੀ। ਆਂਢ-ਗੁਆਂਢ ਵਿੱਚ ਵੀ ਉਸਦੀਆਂ ਹੀ ਗੱਲਾਂ ਹੁੰਦੀਆਂ। ਉਹ ਸਾਰੇ ਉਸਦੀ ਪਸੰਦ ਦੀਆਂ ਚੀਜ਼ਾਂ ਖਾਣ ਨੂੰ ਦਿੰਦੇ। ਸਾਰੇ ਉਸਨੂੰ ਬਹੁਤ ਪਿਆਰ ਕਰਦੇ ਸੀ।

→ ਜ਼ੀਨਤ ਦਾ ਸੁਭਾਅ – ਜ਼ੀਨਤ ਖੁਸ਼ਤਬੀਅਤ ਅਤੇ ਸਭ ਦੀ ਲਾਡਲੀ ਸੀ। ਉਸਦੇ ਚੰਗੇ ਸੁਭਾਅ ਸਦਕੇ ਹੀ ਲੋਕਾਂ ਨੇ ਹੌਲੀ-ਹੌਲੀ ਨੰਬਰਦਾਰ ਦੀ ਹਵੇਲੀ ਨੂੰ ਜ਼ੀਨਤ ਦੀ ਹਵੇਲੀ ਦਸਣਾ ਸ਼ੁਰੂ ਕਰ ਦਿੱਤਾ। ਉਹ ਸਭ ਦਾ ਜੀਅ ਲਵਾਈ ਰੱਖਦੀ। ਉਹ ਸਾਰੀ ਦੁਪਹਿਰ ਨਣੀਆਂ ਬਿਠਾਈ ਰੱਖਦੀ, ਉਹਨਾਂ ਦੇ ਗੀਤ ਸੁਣਦੀ ਤੇ ਆਪ ਵੀ ਗਾਉਂਦੀ। ਲੋਕ ਉਸਦੇ ਨਾਚ ਅਤੇ ਗਾਣੇ ਨੂੰ ਬਨੇਰਿਆਂ, ਰੱਖਾਂ ਉੱਤੇ ਵੇਖਦੇ। ਉਹ ਨੱਚਦੀ, ਗਾਉਂਦੀ ਤੇ ਹਸਦੀ ਐਨੀ ਪਿਆਰੀ ਲਗਦੀ ਜਿਵੇਂ ਆਪ-ਮੁਹਾਰੇ ਕੋਈ ਪੰਛੀ ਉੱਡ ਰਿਹਾ ਹੋਵੇ।

→ ਜ਼ੀਨਤ ਦਾ ਵਿਆਹ – ਫਿਰ ਜ਼ੀਨਤ ਦਾ ਵਿਆਹ ਕਰ ਦਿੱਤਾ। ਜਿਵੇਂ ਅਸਮਾਨ ਵਿੱਚ ਉੱਡ ਰਹੇ ਪੰਛੀ ਨੂੰ ਹੇਠ ਧਰਤੀ ਤੇ ਪਟਕ ਦਿੱਤਾ ਜਾਵੇ। ਉਸਦੀ ਸਾਰੀ ਹਾਸੀ, ਨੱਚਣਾ-ਗਾਉਣਾ, ਚਿਹਰੇ ਦੀ ਰੌਣਕ ਜਿਵੇਂ ਕਿਧਰੇ ਗੁਆਚ ਹੀ ਗਈ ਹੋਵੇ। ਉਸਦੇ ਜੀਵਨ ਵਿੱਚ ਬਹੁਤ ਵੱਡਾ ਬਦਲਾਵ

Be Positive...

Class - 9 Ramandeep Kaur

Topic - ਜ਼ੀਨਤ ਆਪਾ ਪਾਠ - 3 (P-3)

ਆਖਿਆ। ਜਾਂ ਇਹ ਹੀ ਕਹਿ ਸਕਦੇ ਹਾਂ ਕਿ ਜ਼ਿੰਦਗੀ ਦੀ ਤਸਵੀਰ ਹੀ ਬਦਲ ਗਈ। ਜਿਸ ਨਾਲ ਉਸਦਾ ਵਿਆਹ ਹੋਇਆ ਸੀ ਉਮਰ ਵਿੱਚ ਬਹੁਤ ਛੋਟਾ, ਕਰੂਪ - ਕੋਝਾ, ਨਸ਼ੇੜੀ ਸਾਰਾ ਦਿਨ ਵਿਹਲਾ ਫਿਰਦਾ ਰਹਿੰਦਾ ਭਾਵ ਕਿਸੇ ਪੱਖੋਂ ਵੀ ਜ਼ੀਨਤ ਨਾਲ ਮੇਲ ਨਹੀਂ ਸੀ ਖਾਂਦਾ। ਕੂੰਜ ਵਰਗੀ ਕੁੜੀ ਨੂੰ ਉਸਦੇ ਆਪਣੇ ਪਿਤਾ ਨੇ ਜਿਉਂਦੇ ਹੀ ਖੂਹ ਵਿੱਚ ਧੱਕਾ ਦੇਣ ਵਾਲੀ ਗੱਲ ਕੀਤੀ। ਉਸਦੀ ਜ਼ਿੰਦਗੀ ਨਰਕ ਬਣਾ ਦਿੱਤੀ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ।

1. ਕਹਾਣੀ ਦੇ ਮੁੱਖ ਪਾਤਰ ਦਾ ਨਾਂ ਦੱਸੋ।
2. ਕਹਾਣੀਕਾਰ ਦਾ ਨਾਂ ਲਿਖੋ।
3. ਲੇਖਕ ਦੇ ਦੋਸਤ ਦਾ ਨਾਂ ਦੱਸੋ।
4. ਵਿਆਹ ਤੋਂ ਬਾਅਦ ਜ਼ੀਨਤ ਦੀ ਜ਼ਿੰਦਗੀ ਕਿਵੇਂ ਬਦਲੀ।

ਆਓ ਹੁਣ ਉੱਤਰ ਵਿਚਾਰਦੇ ਹਾਂ।

1. 'ਜ਼ੀਨਤ ਆਪਾ' ਇਸ ਕਹਾਣੀ ਦੀ ਮੁੱਖ ਪਾਤਰ ਹੈ।

Be Positive...

Class-9 — Ramandeep kaur

Topic- ਜ਼ੀਨਤ ਆਪਾ — ਪਾਠ - 3 (P-4)

2. 'ਕਰਤਾਰ ਸਿੰਘ ਦੁੱਗਲ' ।

3. ਲੇਖਕ ਦੇ ਦੋਸਤ ਦਾ ਨਾਂ 'ਰਸ਼ੀਦ' ਹੈ ।

4. ਜ਼ੀਨਤ ਦਾ ਵਿਆਹ ਵਡੇਰੀ ਉਮਰ ਦੇ ਬੰਦੇ ਨਾਲ ਕੀਤਾ ਗਿਆ। ਉਹ ਕਿਸੇ ਪੱਖੋਂ ਵੀ ਜ਼ੀਨਤ ਨਾਲ ਮੇਲ ਨਹੀਂ ਖਾਂਦਾ ਸੀ। ਅਜਿਹਾ ਸਭ ਹੋਣ ਕਰਕੇ ਉਹ ਬਿਲਕੁਲ ਚੁੱਪ ਹੋ ਗਈ, ਹੱਸਦੀ-ਖੇਡਦੀ ਜ਼ੀਨਤ ਨੂੰ ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ ।

ਕਹਾਣੀ ਵਿੱਚ ਅੱਗੇ ਕੀ ਵਾਪਰਦਾ ਹੈ। ਜ਼ੀਨਤ ਆਪਣੀ ਜ਼ਿੰਦਗੀ ਕਿਵੇਂ ਜਿਉਂਦੀ ਹੈ। ਇਹ ਅਸੀਂ ਅਗਲੇ ਹਫ਼ਤੇ ਵਿਚਾਰਾਂਗੇ । (Last page)